੦੮੭

ਹਉਮੈ ਦਾ ਪੈਖੜ ਕਿਵੇਂ ਖੁੱਲ੍ਹੇ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਸਿਰਜਣਹਾਰ ਦੀ ਰਚਨਾ ਅਤੇ ਉਸਦੇ ਕੰਮਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸ ਧਰਤੀ ਤੇ ਰਹਿਣ ਵਾਲੇ ਹਰ ਜੀਵ ਜੰਤ ਵਿੱਚ ਸਮਾਨਤਾਵਾਂ, ਇੱਕੋ ਜਿਹੇ ਗੁਣ ਅਤੇ ਇਕੋ ਜਿਹੀਆਂ ਆਦਤਾਂ ਵੇਖਣ ਨੂੰ ਮਿਲਦੀਆਂ ਹਨ। ਹਰ ਜੀਵ ਆਪਣੇ ਹੀ ਵਰਗਿਆਂ ਨਾਲ ਰਲ ਕੇ ਤੁਰਦਾ ਅਤੇ ਵਰਤਦਾ ਹੈ, ਹਰ ਜੀਵ ਆਪਣੇ ਅੰਦਰਲੀ ਇੱਛਾ ਨੂੰ ਪੂਰੀ ਕਰਨ ਦਾ ਤਾਣ ਲਾਉਂਦਾ ਹੈ, ਹਰ ਕੋਈ ਭੁੱਖ ਪਿਆਸ ਮਹਿਸੂਸ ਕਰਦਾ ਹੈ ਅਤੇ ਉਸਦੀ ਪੂਰਤੀ ਲਈ ਯਤਨਸ਼ੀਲ ਹੁੰਦਾ ਹੈ। ਇਸ ਵਾਸਤੇ ਸਿਰਜਣਹਾਰ ਨੇ ਉਸਨੂੰ ਸਾਧਨ ਅਤੇ ਸਮਰੱਥਾ ਦਿੱਤੀ ਹੋਈ ਹੈ। ਇਨ੍ਹਾਂ ਸਾਧਨਾਂ ਦੀ ਵਰਤੋਂ ਕਰਕੇ ਹਰ ਕੋਈ ਆਪਣਾ ਜੀਵਨ ਨਿਰਬਾਹ ਤੋਰਦਾ ਹੈ। ਸਿਰਜਣਹਾਰ ਦੇ ਦਿੱਤੇ ਸਾਧਨਾਂ ਵਿੱਚੋਂ ਇੱਕ ਸਾਧਨ ਜੀਭ (ਰਸਨਾ) ਜੋ ਹਰ ਜੀਵ ਪਾਸ ਹੈ ਜਿਸ ਦੁਆਰਾ ਉਸਨੂੰ ਹਰ ਖਾਣ ਵਾਲੀ ਵਸਤੂ ਦੇ ਸੁਆਦ ਦਾ ਪਤਾ ਲੱਗਦਾ ਹੈ। ਭਾਵੇਂ ਮਾਸ ਦਾ ਇੱਕ ਛੋਟਾ ਜਿਹਾ ਲੋਥੜਾ ਹੀ ਹੈ ਪਰ ਸਿਰਜਣਹਾਰ ਨੇ ਇਸ ਵਿੱਚ ਅਜਿਹੀ ਸ਼ਕਤੀ ਭਰੀ ਹੈ ਕਿ ਇਹ ਭਾਂਤ ਭਾਂਤ ਦੇ ਸੁਆਦ ਮਾਣਦੀ ਹੈ ਜਿਵੇਂ ਅੱਖਾਂ ਕਈ ਤਰ੍ਹਾਂ ਦੇ ਖੁਸ਼ੀ ਗ਼ਮੀ ਦੇ ਚਿੱਤਰ ਵੇਖ ਕੇ, ਕੰਨ ਸੁਰੀਲਾ ਰਾਗ ਜਾਂ ਰੋਣਾ ਪਿਟਣਾ ਸੁਣ ਕੇ, ਨੱਕ ਖੁਸ਼ਬੋ ਜਾਂ ਬਦਬੂ ਸੁੰਘ ਕੇ ਖੁਸ਼ੀ ਜਾਂ ਗ਼ਮੀ ਮਹਿਸੂਸ ਕਰਦੇ ਹਨ, ਇਉਂ ਹੀ ਰਸਨਾ ਭਾਂਤ ਭਾਂਤ ਦੇ ਸੁਆਦੀ ਪਦਾਰਥ ਚੱਖ ਕੇ ਲੁਭਾਇਮਾਨ ਹੁੰਦੀ ਹੈ ਅਤੇ ਅਜਿਹੇ ਸੁਆਦ ਦਾ ਨਸ਼ਾ ਲੰਬਾ ਸਮਾਂ ਬਣਿਆ ਰਹਿੰਦਾ ਹੈ। ਗੁਰਬਾਣੀ ਅੰਦਰ ਰਸਨਾ ਦੇ ਅਜਿਹੇ ਸੁਆਦ ਮਾਣਨ ਨੂੰ ਅਲੰਕਾਰ ਦੇ ਤੌਰ 'ਤੇ ਵਰਤ ਕੇ ਪ੍ਰਭੂ ਦੇ ਗੁਣ ਗਾਉਣ ਵਿੱਚ ਇਉਂ ਲੁਭਾਇਮਾਨ ਹੋਣ ਦੀ ਸੂਚਨਾ ਦਿੱਤੀ ਹੈ:

– ਜੈਸੇ ਰਸਨਾ ਸਾਦਿ ਲੁਭਾਨੀ ਤਿਉ ਹਰਿ ਜਨ ਹਰਿ ਗੁਣ ਗਾਵਹਿ॥ (੬੧੩)

ਪਰ ਸਾਡਾ ਵਿਹਾਰ ਇਸ ਦੇ ਅਨੁਕੂਲ ਨਹੀਂ ਹੁੰਦਾ, ਅਸੀਂ ਗੁਰਬਾਣੀ ਦਾ ਪਾਠ ਸਿਰਫ਼ ਫ਼ਰਜ਼ ਨਿਭਾਉਣ, ਨਿਤਨੇਮ ਪੂਰਾ ਕਰਨ ਜਾਂ ਪਾਠਾਂ ਦੀ ਗਿਣਤੀ ਦੀ ਪੂਰਤੀ ਲਈ ਪੜ੍ਹਦੇ ਹਾਂ। ਕਈ ਵਾਰ ਅਸੀਂ ਕਾਰ ਵਿਹਾਰ ਕਰਦੇ ਹੋਏ ਮੂੰਹੋਂ ਜਪੁਜੀ ਜਾਂ ਸੁਖਮਨੀ ਜੋ ਅਸਾਂ ਕੰਠ ਕੀਤਾ ਹੁੰਦਾ ਹੈ, ਪੜ੍ਹੀ ਜਾਂਦੇ ਹਾਂ ਪਰ ਬਾਣੀ ਵੱਲ ਸਾਡਾ ਧਿਆਨ ਉਦੋਂ ਹੀ ਜਾਂਦਾ ਹੈ ਜਦੋਂ ਸਾਰੀ ਬਾਣੀ ਪੜ੍ਹੀ ਜਾ ਚੁੱਕੀ ਹੁੰਦੀ ਹੈ ਅਤੇ ਅਸੀਂ ਸਮਝਦੇ ਹਾਂ ਕਿ ਨਿਤਨੇਮ ਕਰ ਲਿਆ ਹੈ। ਅਜਿਹੇ ਕੀਤੇ ਪਾਠ ਕੇਵਲ ਸਾਡੀ ਹਉਮੈ ਨੂੰ ਹੀ ਪ੍ਰਫੁੱਲਤ ਕਰਦੇ ਹਨ, ਆਤਮਿਕ ਜੀਵਨ ਵਿੱਚ ਕੋਈ ਬਦਲਾਉ ਨਹੀਂ ਲਿਆ ਸਕਦੇ। ਪਾਠ ਕੀਤਾ ਉਹੀ ਸਫ਼ਲ ਹੈ ਜਿਸ ਨੂੰ ਅਸੀਂ ਸਮਝਿਆ ਵਿਚਾਰਿਆ ਹੈ ਅਤੇ ਜਿਸ ਦਾ ਅਸੀਂ ਰਸ ਮਾਣਿਆ ਹੈ ਜਿਵੇਂ ਕਿਸੇ ਸੁਆਦੀ ਚੀਜ਼ ਖਾਣ ਨਾਲ ਜੀਭ ਰਸ ਮਾਣਦੀ ਹੈ, ਇਉਂ ਸਾਡਾ ਅੰਤਸ਼ਕਰਣ ਗੁਰਬਾਣੀ ਦਾ ਰਸ ਮਾਣੇ।

ਹਰ ਕਰਮ ਜੋ ਅਸੀਂ ਕਰਦੇ ਹਾਂ, ਪਹਿਲਾਂ ਸਾਡੇ ਖ਼ਿਆਲਾਂ ਵਿੱਚ ਉਸਰਦਾ ਹੈ, ਫਿਰ ਉਸ ਦਾ ਰੰਗ ਰੂਪ ਜਾਂ ਅਰਥ ਭਾਵ ਸਾਡੇ ਮਨ ਅੰਦਰ ਟਿਕਦਾ ਹੈ ਅਤੇ ਅਸੀਂ ਉਸ ਤੋਂ ਪ੍ਰਭਾਵਿਤ ਹੋ ਕੇ ਉਸਦੀ ਖੁਸ਼ੀ ਜਾਂ ਗ਼ਮੀ ਮਾਣਦੇ ਹਾਂ। ਇਸੇ ਤਰ੍ਹਾਂ ਜਦੋਂ ਅਸੀਂ ਗੁਰਬਾਣੀ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਸਾਡਾ ਮਨ ਉਸਦੇ ਅਰਥ ਭਾਵ ਵਿੱਚ ਟਿਕਦਾ ਹੈ ਅਤੇ ਸਾਨੂੰ ਆਪਣੇ ਨਵੇਂ ਖ਼ਿਆਲ ਦਿੰਦਾ ਹੈ। ਪਰ ਅਜਿਹਾ ਤਦੇ ਹੀ ਹੁੰਦਾ ਹੈ ਜੇ ਸਾਡਾ ਮਨ ਟਿਕਿਆ ਹੋਇਆ ਹੈ ਅਤੇ ਬਾਣੀ ਪੜ੍ਹਦੇ ਸੁਣਦੇ ਧਿਆਨ ਬਾਣੀ ਵਿੱਚ ਨਹੀਂ ਤਾਂ ਅਜਿਹੀ ਪੜ੍ਹੀ ਸੁਣੀ ਬਾਣੀ ਨੇ ਸਾਨੂੰ ਕੋਈ ਨਵਾਂ ਖ਼ਿਆਲ ਨਹੀਂ ਦਿੱਤਾ ਹੁੰਦਾ। ਅਸਲ ਗੱਲ ਧਿਆਨ ਦੇ ਟਿਕਾਉਣ ਦੀ ਹੈ। ਪੜ੍ਹੀ ਸੁਣੀ ਬਾਣੀ ਉਹੀ ਪ੍ਰਵਾਨ ਹੁੰਦੀ ਹੈ ਜਿਸ ਨੂੰ ਅਸੀਂ ਧਿਆਨ ਨਾਲ ਪੜ੍ਹਿਆ ਸੁਣਿਆ ਹੈ, ਧਿਆਨ ਟਿਕਾਏ ਬ਼ਗ਼ੈਰ ਅਸੀਂ ਅੰਤਰੀਵੀ ਭਾਵ ਨਹੀਂ ਸਮਝ ਸਕਦੇ।

ਸਤਿਗੁਰੂ ਸਾਨੂੰ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਜੀਭ (ਰਸਨਾ) ਹਰ ਤਰ੍ਹਾਂ ਦੇ ਖਾਧੇ ਦਾ ਸੁਆਦ ਮਾਣਦੀ ਹੈ ਇਉਂ ਮਨੁੱਖ ਪੜ੍ਹੀ ਸੁਣੀ ਬਾਣੀ ਦਾ ਸੁਆਦ ਮਾਣੇ।ਆਮ ਵੇਖੀਦਾ ਹੈ ਕਿ ਚੰਗਾ ਨਾਵਲ ਜਾਂ ਡਰਾਮਾ ਪੜ੍ਹਦੇ ਹੋਈਏ ਤਾਂ

ਛੱਡਣ ਨੂੰ ਜੀਅ ਨਹੀਂ ਕਰਦਾ ਜਦ ਤਾਈਂ ਸਾਰਾ ਪੜ੍ਹ ਨਾ ਲਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪ੍ਰਭੂ ਪਿਆਰ ਅਤੇ ਪ੍ਰਭੂ ਤੋਂ ਵਿਛੁੜੇ ਅਤੇ ਮਿਲਾਪ ਦੇ ਵਿਸ਼ੇ ਨੂੰ ਬੜੇ ਰਸਭਿੰਨੇ ਸ਼ਬਦਾਂ ਵਿੱਚ ਗਾਇਆ ਹੈ ਜਿਵੇਂ:

- **ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥**
  ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥
  ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥
  ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥
  ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥ (੭੦੩)

- **ਮੋਹਨ ਘਰਿ ਆਵਹੁ ਕਰਉ ਜੋਦਰੀਆ॥**
  ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ॥(੧੨੦੯)

- **ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥**
  ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
  ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥ (੫੫੭)

- **ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥ (੧੪੨੬)**

- **ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**
  ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥
  ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥ (੯੬)

ਗੁਰੂ ਸਾਹਿਬਾਨ ਵੱਲੋਂ ਅਜਿਹੇ ਸ਼ਬਦ ਸੰਕਲਤ ਕਰਨਾ ਹਮੇਸ਼ਾਂ ਵਾਸਤੇ ਮਨੁੱਖਤਾ ਤੇ ਇੱਕ ਮਹਾਨ ਉਪਕਾਰ ਸੀ। ਉਨ੍ਹਾਂ ਜੁਗਾਂ ਜੁਗਾਂਤਰਾਂ ਤੋਂ ਵਿਸ਼ੇਸ਼ ਮਨੁੱਖਾਂ ਯਥਾ ਹਜ਼ਰਤ ਈਸਾ, ਮੁਹੰਮਦ ਸਾਹਿਬ, ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਆਦਿ ਨੂੰ ਪੈਗੰਬਰ ਜਾਂ ਅਵਤਾਰ ਮੰਨਣ ਦੇ ਵਿਸ਼ਵਾਸ ਨੂੰ ਹੀ ਬਦਲ ਦਿੱਤਾ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ:

- **ਮਾਨੁਖ ਕਾ ਕਰਿ ਰੂਪੁ ਨ ਜਾਨੁ॥ (੮੯੫)**

ਬਲਕਿ ਇਹ ਵਡਿਆਈ ਮਨੁੱਖ ਤੋਂ ਹਟਾ ਕੇ ਬਾਣੀ ਨੂੰ ਇਹ ਕਹਿ ਕੇ ਦਿੱਤੀ ਕਿ:

- **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
  ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (੯੮੨)

- **ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (੬੩੫)**

ਇਸ ਵਿਸ਼ਵਾਸ ਨੂੰ ਹੋਰ ਨਿਸ਼ਚੇ ਜਨਕ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖ਼ਸ਼ ਕੇ ਮਨੁੱਖੀ ਸਰੀਰ ਦੇ ਗੁਰੂ ਹੋਣ ਦੇ ਵਿਸ਼ਵਾਸ ਨੂੰ ਅੱਗੋਂ ਲਈ ਸਮਾਪਤ ਹੀ ਕਰ ਦਿੱਤਾ।

ਹਰ ਸਰੀਰ ਸਮਾਂ ਬੱਧ ਹੈ ਅਥਵਾ ਹਰ ਸਰੀਰ ਨੇ ਕੁਝ ਸਮਾਂ ਹੀ ਜੀਵਤ ਰਹਿਣਾ ਹੁੰਦਾ ਹੈ ਜਦ ਕਿ ਗੁਰੂ ਦਾ ਤ੍ਰੈਕਾਲੀ (ਭੂਤ, ਵਰਤਮਾਨ ਤੇ ਭਵਿਖਤ) ਹੋਂਦ ਹੋਣਾ ਜ਼ਰੂਰੀ ਹੈ ਤਾਂ ਕਿ ਮਨੁੱਖਤਾ ਹਮੇਸ਼ਾਂ ਹੀ ਗੁਰੂ ਤੋਂ ਵਰੋਸਾਈ ਜਾਂਦੀ ਰਹੇ ਪਰ ਕਿਸੇ ਮਨੁੱਖ ਦਾ ਸਦੀਵੀ ਰਹਿਣਾ ਸੰਭਵ ਨਹੀਂ ਇਸੇ ਲਈ ਗੁਰੂ ਨੂੰ ਮਨੁੱਖ ਦਾ ਰੂਪ ਨਾ ਜਾਨਣਾ ਇੱਕ ਅਟੱਲ ਸਚਾਈ ਹੈ। ਇਹ ਵਿਸ਼ਵਾਸ ਦ੍ਰਿੜ੍ਹ ਕਰਵਾਉਣਾ ਕਿ ਸਰਬ ਸਮਰੱਥ ਅਤੇ ਸਰਬਕਾਲੀ ਹਸਤੀ ਦਾ ਨਿਰਆਕਾਰੀ ਹੋਣਾ ਜ਼ਰੂਰੀ ਹੈ, ਜਿਸ ਬਾਬਤ ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਨ ਬੜੇ ਸਪੱਸ਼ਟ ਹਨ:

– ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥ (ਜਾਪੁ ਸਾਹਿਬ)

– ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥ ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ॥
ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ॥ (ਜਾਪੁ ਸਾਹਿਬ)

ਅਤੇ ਫਿਰ ਆਪ ਉਸ ਹਸਤੀ ਨੂੰ **"ਅਜਾਇਬ ਬਿਭੂਤੇ", "ਹਰੀਅੰ ਕਰੀਅੰ ਕਰੀਮਲੁ ਰਹੀਮੇ"** ਅਤੇ **"ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥ ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥ ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ॥"** ਦੱਸਦੇ ਹਨ।

ਉਸਦੀ ਇਹ **"ਹੈਸੀ"** ਵਾਲੀ ਦਸ਼ਾ ਨੂੰ ਮਾਰੂ ਸੋਹਲਿਆਂ ਵਿੱਚ **"ਸੁੰਨ"** ਦਾ ਨਾਮ ਦਿੱਤਾ ਹੋਇਆ ਹੈ।

– ਸੁੰਨ ਕਲਾ ਅਪਰੰਪਰਿ ਧਾਰੀ॥ (੧੦੩੭)

ਇਹ ਨਿਰਆਕਾਰ ਅਤੇ ਕਾਲ (Time) ਤੋਂ ਪਹਿਲਾਂ ਦੀ ਹਾਲਤ ਹੈ ਜਦੋਂ ਉਹ ਨਿਰਗੁਣ ਦਸ਼ਾ ਵਿੱਚ ਸੀ ਅਤੇ ਹੋਰ ਕੁਝ ਵੀ ਨਹੀਂ ਸੀ। ਪਰ ਨਿਰੰਕਾਰ ਦੀ ਇਸ ਸੁੰਨ ਦਸ਼ਾ ਵਾਲੀ ਨਿਰਗੁਣੀ ਹੋਂਦ ਨੂੰ ਮਨੁੱਖ ਦੇ ਸਮਝ ਸਕਣ ਯੋਗ ਬਣਾਉਣ ਲਈ ਜ਼ਰੂਰੀ ਸੀ ਕਿ ਨਿਰੰਕਾਰ ਆਪਣੀ ਸੁੰਨ ਅਥਵਾ ਨਿਰਗੁਣੀ ਅਵੱਸਥਾ ਤੋਂ ਸਰਗੁਣੀ ਹਾਲਤ ਵਿੱਚ ਆਵੇ, ਉਸਦੇ ਗੁਣ ਪ੍ਰਗਟ ਹੋਣ ਅਤੇ ਮਨੁੱਖ ਉਨ੍ਹਾਂ ਗੁਣਾਂ ਦੁਆਰਾ ਉਸਦੀ ਪਛਾਣ ਕਰੇ। ਉਸਦੀ ਜਾਣ ਪਛਾਣ ਉਨ੍ਹਾਂ ਗੁਣਾਂ ਦੇ ਵਾਰ ਵਾਰ ਚਿਤਾਰਨ ਨਾਲ ਹੀ ਹੋ ਸਕਦੀ ਹੈ:

– ਵਿਣੁ ਗੁਣ ਕੀਤੇ ਭਗਤਿ ਨ ਹੋਇ॥ (੪)

– ਗੁਣ ਵੀਚਾਰੇ ਗਿਆਨੀ ਸੋਇ॥ ਗੁਣ ਮਹਿ ਗਿਆਨੁ ਪਰਾਪਤਿ ਹੋਇ॥ (੯੩੧)

– ਗੁਨ ਗਾਇ ਸੁਨਿ ਲਿਖਿ ਦੇਇ॥ ਸੋ ਸਰਬ ਫਲ ਹਰਿ ਲੇਇ॥ (੮੩੮)

– ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ॥ (੫੩੦)

ਸਪੱਸ਼ਟ ਹੈ ਪ੍ਰਭੂ ਦੇ ਗੁਣ ਵਾਰ ਵਾਰ ਚਿਤਾਰਨਾ ਅਤੇ ਗੁਣਾਂ ਵਿੱਚ ਲੀਨ ਹੋਣਾ ਹੀ ਉਸਦੀ ਭਗਤੀ ਹੈ। ਫਿਰ ਗੁਣ ਲੀਨ ਹੋਣ ਦਾ ਸਾਧਨ ਇਉਂ ਦੱਸਿਆ ਹੈ, **"ਸਿਮਰਿ ਧਿਆਇ ਗਾਇ ਗੁਨ ਗੋਬਿੰਦ"**, ਗੋਬਿੰਦ ਦੇ ਗੁਣਾਂ ਨੂੰ ਯਾਦ ਅੰਦਰ ਵਸਾਉਣਾ (ਸਿਮਰਿ) ਗੁਣਾਂ ਤੇ ਧਿਆਨ ਟਿਕਾਉਣਾ (ਧਿਆਇ) ਅਤੇ ਗੁਣ ਗਾਉਣਾ (ਗਾਇ) ਹੀ ਮਨੁੱਖ ਦੇ ਕਰਨਯੋਗ ਕਰਮ ਹਨ।

ਪਰ ਮਹਿਜ਼ ਚਿੰਤਨ ਤੇ ਗੱਲ ਮੁੱਕਦੀ ਨਹੀਂ, ਇਹ ਕੇਵਲ ਰਸਤਾ ਹੈ ਜਿਸ ਤੇ ਅਸਾਂ ਤੁਰਨਾ ਹੈ। ਵਡਿਆਈਆਂ ਅੰਦਰ ਲੀਨ ਹੋਏ ਧਿਆਨ ਨੇ ਸਾਡੇ ਉਪਰ ਵਿਸਮਾਦ ਦੀ ਦਸ਼ਾ ਬਣਾਉਣੀ ਹੈ ਅਥਵਾ ਅਸੀਂ ਵਾਹਿਗੁਰੂ ਦੀਆਂ ਵਡਿਆਈਆਂ ਨੂੰ ਚਿਤਾਰਦੇ ਚਿਤਾਰਦੇ ਉਨ੍ਹਾਂ ਤੋਂ ਸਦਕੇ ਜਾਣਾ ਹੁੰਦਾ ਹੈ, ਸਾਡੇ ਹਿਰਦੇ ਅਤੇ ਸਾਡੀ ਰਸਨਾ ਨੇ ਉਨ੍ਹਾਂ ਵਡਿਆਈਆਂ ਦੀ ਵਾਹੁ ਵਾਹੁ ਅੰਦਰ ਪਹੁੰਚ ਜਾਣਾ ਹੈ:

– ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥ (੭੮੮)

– ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥ (੫੧੪)

– ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ॥
ਵਾਹੁ ਵਾਹੁ ਕਰਤਿਆ ਸੋਭਾ ਪਾਇ॥ ਨਾਨਕ ਵਾਹੁ ਵਾਹੁ ਸਤਿ ਰਜਾਇ॥ (੫੧੪)

– ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥ (੫੧੫)

– ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ॥ (੫੧੫)

– ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ॥ (੫੧੫)

ਇਸ ਨਿਤਾਪ੍ਰਤੀ "ਵਾਹੁ ਵਾਹੁ" ਦੀ ਪਕਾਈ ਮੁਹਾਰਨੀ ਤੋਂ ਹੀ ਵਾਹਿਗੁਰੂ ਜਾਂ ਵਾਹੁਗੁਰੂ ਸ਼ਬਦ ਦਾ ਸਿੱਖ ਮੱਤ ਅੰਦਰ ਵਿਸ਼ੇਸ਼ ਮਹਾਤਮ ਨਿਸ਼ਚੇ ਹੁੰਦਾ ਹੈ। ਵਾਹਿਗੁਰੂ ਸ਼ਬਦ ਸਿੱਖ ਧਰਮ ਦੀ ਦੇਣ ਹੈ। ਗੁਰਸਿੱਖੀ ਦੇ ਪ੍ਰਵੇਸ਼ ਤੋਂ ਪਹਿਲੋਂ ਵੱਖ ਵੱਖ ਕੌਮਾਂ ਅੰਦਰ ਐਸੀ ਸਰਬ ਕਲਾ ਸਮਰੱਥ ਹਸਤੀ ਨੂੰ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਸੀ:

– ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥ (੮੮੫)

ਸਿੱਖ ਧਰਮ ਦਾ ਪ੍ਰਚਲਤ ਕੀਤਾ ਸ਼ਬਦ ਵਾਹਿਗੁਰੂ ਦੋ ਪਦਾਂ "ਵਾਹ" ਅਤੇ "ਗੁਰੂ" ਦਾ ਸੰਯੁਕਤ ਸ਼ਬਦ ਹੈ ਜਿਸ ਦੇ ਅਰਥ ਸਭ ਤੋਂ ਸ਼੍ਰੋਮਣੀ ਹਸਤੀ ਜਿਸ ਨੂੰ ਨਿਰੰਕਾਰ ਕਿਹਾ ਹੈ, ਉਸਦੀ ਵਾਹ ਵਾਹ ਕਰਨਾ ਹੈ। ਭਾਈ ਗੁਰਦਾਸ ਦਾ ਕਥਨ ਹੈ:

– ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥ (ਵਾਰ ੧੩ ਪਉੜੀ ੨)

ਵਾਹਿਗੁਰੂ ਸ਼ਬਦ ਨਿਰੰਕਾਰ ਦੇ ਸਰਬ ਗੁਣ ਭਰਪੂਰ ਅਥਵਾ ਗੁਣ ਨਿਧਾਨ ਹੋਣ ਦੀ ਵਾਹੁ ਵਾਹੁ ਵਿੱਚ ਲੀਨ ਕਰਦਾ ਹੈ ਅਤੇ ਵਾਹੁ ਗੁਰੂ ਜਾਂ ਵਾਹਿਗੁਰੂ ਕਹਿੰਦੇ ਹੋਏ ਅਸਾਂ ਉਸਦੇ ਸਾਰੇ ਗੁਣਾਂ ਅਥਵਾ ਵਡਿਆਈਆਂ ਦੀ ਵਾਹ ਵਾਹ ਕਰਦੇ ਉਸ ਵਿੱਚ ਲੀਨ ਹੋ ਜਾਂਦੇ ਹਾਂ ਅਤੇ ਸਾਡੀ ਹਉਮੈ ਦਾ ਖਾਤਮਾ ਹੋ ਜਾਂਦਾ ਹੈ:

– ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥ (੫੧੫)

ਮਨੁੱਖ ਨੂੰ ਲਗਾ ਸਭ ਤੋਂ ਵੱਡਾ ਰੋਗ ਹਉਮੈ ਦਾ ਰੋਗ ਹੈ:

– ਹਉਮੈ ਰੋਗੁ ਮਾਨੁਖ ਕਉ ਦੀਨਾ॥ (੧੧੪੦)

– ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ॥ (੧੨੫੮)

ਹਉਮੈ ਗ੍ਰਸੇ ਮਨੁੱਖ ਨੂੰ ਰੱਬ ਭੁੱਲ ਗਿਆ ਹੁੰਦਾ ਹੈ। ਉਸਦੀ ਸਾਰੀ ਕ੍ਰਿਆ ਮੈਂ ਦੁਆਲੇ ਹੀ ਘੁੰਮਦੀ ਹੈ, ਉਸਦੇ ਮਨ ਵਿੱਚ ਇਹੋ ਸਮਾਇਆ ਹੁੰਦਾ ਹੈ:

– ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ॥ (੩੮੦)

ਵੈਸੇ ਤਾਂ ਹਰ ਜੀਵ ਚਾਹੇ ਉਹ ਮਨੁੱਖ ਹੈ ਜਾਂ ਪਸ਼ੂ ਪੰਛੀ, ਹਉ ਦਾ ਰੋਗੀ ਹੈ, ਹਰ ਇੱਕ ਦੇ ਅੰਦਰ ਹਉ ਜਾਂ ਮੈਂ ਮੇਰੀ ਦਾ ਅਹਿਸਾਸ ਹੈ। ਜਿੱਥੇ ਜ਼ਿੰਦਗੀ ਹੈ ਉਥੇ ਮੈਂ ਹੈ, ਮੈਂ ਬਗ਼ੈਰ ਕੋਈ ਜੀਵਨ ਨਹੀਂ, ਪ੍ਰੰਤੂ ਪਰਬਲ ਹੋਈ ਮੈਂ ਰੋਗ ਬਣ ਜਾਂਦੀ ਹੈ। ਆਸਾ ਦੀ ਵਾਰ ਵਿੱਚ "ਹਉ ਵਿਚਿ ਆਇਆ ਹਉ ਵਿਚਿ ਗਇਆ" ਅਤੇ "ਹਉਮੈ ਏਹਾ ਜਾਤ ਹੈ" ਵਾਲੇ ਸਲੋਕ ਵਿੱਚ ਹਉ ਦਾ ਵਿਸਥਾਰ ਦਿੱਤਾ ਹੋਇਆ ਹੈ ਅਤੇ ਹਉਮੈ ਨੂੰ ਇੱਕ ਬੰਧਨ ਦੱਸਦੇ ਹੋਏ ਇਸ ਨੂੰ ਹੀ ਚੌਰਾਸੀ ਲੱਖ ਜੂਨਾਂ ਦੇ ਗੇੜ ਵਿੱਚ ਪਾਉਣ ਵਾਲਾ ਦੱਸਿਆ ਹੈ:

– ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ (੪੬੬)

ਹਉਮੈ ਗ੍ਰਸਿਆ ਆਦਮੀ ਨਾਮ ਵਾਲੇ ਰਸਤੇ ਨਹੀਂ ਪੈ ਸਕਦਾ। ਇਸੇ ਪ੍ਰਥਾਏ ਹੀ ਗੁਰਬਾਣੀ ਦਾ ਫੁਰਮਾਨ ਹੈ:

– ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ (੫੬੦)

ਹਉਮੈ ਅਤੇ ਨਾਮ ਦਾ ਅਗਨੀ ਅਤੇ ਪਾਣੀ ਜੈਸਾ ਸੰਬੰਧ ਹੈ, ਹਉਮੈ ਦੀ ਮੱਚਦੀ ਅੱਗ ਨੂੰ ਨਾਮ ਦਾ ਸੀਤਲ ਜਲ ਹੀ ਬੁਝਾ ਸਕਦਾ ਹੈ।

– ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥ (੯੪੩)

ਇਸੇ ਮੈਂ ਨੂੰ ਮਾਰਨਾ ਹੈ ਅਤੇ:

– ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥(੧੩੭੫)

ਜਦੋਂ ਇਹ ਮੁਹਾਰਨੀ ਪੱਕ ਜਾਵੇ ਤਾਂ ਜੀਵ ਪਹਿਲੀ ਜਮਾਤ ਵਿੱਚੋਂ ਪਾਸ ਹੋ ਕੇ ਅਗਲੇਰੀ ਕਲਾਸ ਵਿੱਚ ਦਾਖ਼ਲਾ ਲੈ ਲੈਂਦਾ ਹੈ ਜਿਸ ਵਿੱਚ:

– ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥ (੭੨੮)

ਬੱਸ ਵਾਹਿਗੁਰੂ ਦੀ ਦਰਗਾਹ ਅੰਦਰ ਪ੍ਰਵਾਣ ਪੈਣ ਲਈ ਇਹ ਦੋ ਸਬਕ ਹੀ ਪਕਾਉਣ ਦੀ ਲੋੜ ਹੈ ਜਿਸ ਪ੍ਰਥਾਇ ਫੁਰਮਾਨ ਹੈ, **"ਹਉਮੈ ਬੂਝੈ ਤਾ ਦਰ ਸੂਝੈ"** ਅਤੇ ਹਰ ਮਨੁੱਖ ਅੰਦਰ ਹਉਮੈ ਦੀ ਭੜ ਭੜ ਮਚ ਰਹੀ ਅੱਗ ਨੂੰ ਭਸਮ ਕਰਨ ਦਾ ਦਾਰੂ ਹੈ ਹੁਕਮ, **"ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨ ਕੋਇ॥"** ਹੁਕਮ ਕਿਸ ਨੂੰ ਆਖਦੇ ਹਨ ਅਤੇ ਇਹ ਕਿਵੇਂ ਬੁੱਝਿਆ ਜਾ ਸਕਦਾ ਹੈ? ਇਸ ਬਾਰੇ ਫੁਰਮਾਨ ਹੈ:

– ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥ (੧)

ਉਤਮ ਜਾਂ ਨੀਚ ਅਤੇ ਸੁਖੀ ਜਾਂ ਦੁੱਖੀ ਹੋਣਾ ਹੁਕਮ ਦੀ ਕਾਰ (ਖੇਡ) ਹੈ ਇਸ ਨੂੰ ਸਿਰ ਮੱਥੇ ਤੇ ਮੰਨਣਾ ਹੁਕਮ ਅੰਦਰ ਵਿਚਰਨਾ ਹੈ, ਗੁਰੂ ਫੁਰਮਾਨ ਹੈ:

– ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥(੩੩੭)

ਸਪਤਾ ਅਤੇ ਬਿਪਤਾ, ਸੁੱਖ ਅਤੇ ਦੁੱਖ, ਵਡਿਆਈ ਅਤੇ ਬਦਨਾਮੀ ਆਦਿ ਵਿਧਾਤੇ ਦੀਆਂ ਦਾਤਾਂ ਹਨ, ਇਨ੍ਹਾਂ ਨੂੰ ਉਸ ਦੀ ਦਾਤ ਜਾਣਦੇ ਹੋਇ ਇਨ੍ਹਾਂ ਅੱਗੇ ਸਿਰ ਝੁਕਾ ਦੇਣਾ ਹੀ ਬਣਦਾ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਦੁੱਖ ਹਰਣ ਤਥਾ ਬਿਪਤਾ ਤੋਂ ਬਚਣ ਲਈ ਯਤਨ ਨਾ ਕੀਤਾ ਜਾਵੇ, ਯਤਨ ਕਰਨਾ ਮਨੁੱਖ ਦਾ ਫ਼ਰਜ਼ ਹੈ ਪ੍ਰੰਤੂ ਜੇ ਯਤਨ ਸਫ਼ਲ ਨਹੀਂ ਹੋਇਆ ਤਾਂ ਉਸਦਾ ਹਰਖ ਨਹੀਂ ਕਰਨਾ, ਬਲਕਿ:

– ਜੋ ਤੁਧੁ ਭਾਵੈ ਸਾਈ ਭਲੀ ਕਾਰ॥ (੩)

– ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥ (੭੯੫)

– ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ॥ (੬੭੭)

– ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ॥(੭੪੯)

ਹੁਕਮ ਕਰਤਾ ਪੁਰਖ ਦੀ ਖੇਡ ਹੈ ਅਤੇ ਹਉਮੈ ਮਨੁੱਖ ਦੀ। ਹੁਕਮ ਪ੍ਰਥਾਇ ਫੁਰਮਾਨ ਹੈ:

– ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ॥ (੫੫੬)

– ਜੋ ਕਿਛੁ ਅਹੈ ਸਭ ਤੇਰੀ ਰਜਾਇ॥ (੧੧੨੫)

– ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥ (੭੩੬)

– ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥ (੭੩੫)

ਇਸਦੇ ਉਲਟ ਮਨੁੱਖ ਹਉਮੈ ਦੀ ਪਕੜ ਵਿੱਚ ਹੈ। ਇਸਦੀ ਹਉਂ ਨੇ ਇਸ ਨੂੰ ਰੱਬ ਦਾ ਸ਼ਰੀਕ ਬਣਾ ਦਿੱਤਾ ਹੋਇਆ ਹੈ, ਏਥੋਂ ਤੱਕ ਕਿ ਜਦੋਂ ਇਹ ਆਪਣੀ ਆਈ ਤੇ ਆ ਜਾਵੇ ਤਾਂ ਇਹ ਰੱਬ ਦੀ ਹੋਂਦ ਤੋਂ ਵੀ ਮੁਨਕਰ ਹੋ ਬੈਠਦਾ ਹੈ ਅਤੇ ਇਸ ਨੂੰ "ਹਉ ਮਾਰਉ ਹਉ ਬੰਧਉ ਛੋਡਉ" ਕਹਿਣ ਤੋਂ ਵੀ ਸੰਕੋਚ ਨਹੀਂ ਹੁੰਦਾ। ਇਸ ਹਉਂ ਦੇ ਅਹਿਸਾਸ ਦਾ ਪਸਾਰਾ ਏਨਾ ਵਿਸ਼ਾਲ ਹੈ ਕਿ ਇਹ ਹਰ ਜਾਨਵਰ ਵਿੱਚ, ਕੀੜੇ ਮਕੌੜੇ ਤੋਂ ਲੈ ਕੇ ਹਾਥੀ ਦੇ ਆਕਾਰ ਵਾਲੇ ਜਾਨਵਰਾਂ ਅਤੇ ਮਨੁੱਖ ਮਾਤਰ ਅੰਦਰ ਇੱਕ ਸਾਰ ਅਥਵਾ ਸਮਾਨ ਸਥਿਤ ਵਿੱਚ ਮੌਜੂਦ ਹੈ। ਇਸ ਤੋਂ ਬਗ਼ੈਰ ਕੋਈ ਜੀਵ ਨਹੀਂ ਬਲਕਿ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਉਸਦੀ ਹਉ ਵਿੱਚ ਹੀ ਉਸਦੀ ਜ਼ਿੰਦਗੀ ਹੈ। ਜੇ ਮੈਂ ਮੇਰੀ ਦਾ ਅਹਿਸਾਸ ਉਸ ਪਾਸ ਨਾ ਰਹੇ ਤਾਂ ਉਸਦਾ ਸੰਸਾਰ ਅੰਦਰ ਵਿਚਰਨਾ ਸੰਭਵ ਹੀ ਨਾ ਰਹੇ। ਇਹ ਵਿਚਾਰ ਸਾਨੂੰ ਨਿਸ਼ਚੇ ਕਰਾਉਂਦੀ ਹੈ ਕਿ ਹਰ ਜੀਵ ਮਾਤਰ ਸਮੇਤ ਮਨੁੱਖ ਦੇ ਆਪਣੀ ਆਪਣੀ ਹਉਂ ਦੇ ਸਿਰ ਤੇ ਜੀਉਂਦਾ ਹੈ ਅਤੇ ਹਉਂ ਤੋਂ ਬਾਹਰ ਜ਼ਿੰਦਗੀ ਦਾ ਹੋਣਾ ਸੰਭਵ ਹੀ ਨਹੀਂ ਅਤੇ ਇਹ ਹਉਮੈ ਹੀ ਹੈ ਜੋ ਹਰ ਜੀਵ ਮਾਤਰ ਨੂੰ ਜਨਮ ਮਰਨ ਦੇ ਗੇੜ ਕਢਵਾ ਰਹੀ ਹੈ:

– ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ (੪੬੬)

ਪਰ **"ਹਉਮੈ ਕਿਥਹੁ ਉਪਜੈ"** ਇਸਦਾ ਉੱਤਰ ਭੀ ਨਾਲ ਹੀ ਦਿੱਤਾ ਹੈ:

– ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥ (੪੬੬)

ਹਉਮੈ ਭਾਵੇਂ ਕਰਤਾਪੁਰਖ ਦੇ ਹੁਕਮ ਦੀ ਖੇਡ ਹੈ ਪਰ ਇਹ ਹੁਕਮ ਬਿਨਾਂ ਵਜ੍ਹਾ ਐਵੇਂ ਨਹੀਂ ਵਰਤਦੇ ਸਗੋਂ ਇਸ ਦੇ ਪਿੱਛੇ ਮਨੁੱਖ ਦੀ ਆਪਣੀ ਕਿਰਤ ਵਰਤ ਰਹੀ ਹੁੰਦੀ ਹੈ, **"ਪਇਐ ਕਿਰਤਿ ਫਿਰਾਹਿ"** ਅਸੀਂ ਆਪਣੇ ਕੀਤੇ ਹੋਏ ਕੰਮਾਂ ਕਾਰਨ ਜਨਮ ਜਨਮਾਂਤਰਾਂ ਵਿੱਚ ਭਟਕਦੇ ਰਹਿੰਦੇ ਹਾਂ, **"ਕਿਰਤਿ ਕਰਮ ਕੇ ਵੀਛੁੜੇ"** ਕੀਤੇ ਕੰਮਾਂ ਦਾ ਲੇਖਾ ਦਿੰਦੇ ਫਿਰਦੇ ਹਾਂ:

– ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥ (੪)

ਪਰ ਕਰਤਾਪੁਰਖ ਦਾ ਵਰਤ ਰਿਹਾ ਹੁਕਮ ਆਪਣਾ ਬੀਜਿਆ ਆਪ ਹੀ ਖਾਣ ਦਾ ਹੈ ਜਿਸ ਹੁਕਮ ਅਨੁਸਾਰ ਸਾਡਾ ਦੁਨੀਆਂ ਤੇ ਆਉਣਾ ਜਾਣਾ ਬਣਿਆ ਰਹਿੰਦਾ ਹੈ, **"ਨਾਨਕ ਹੁਕਮੀ ਆਵਹੁ ਜਾਹੁ"** ਪਰ ਕਰਤਾਪੁਰਖ ਨੇ ਆਪਣੇ ਵਰਤਾਏ ਹੁਕਮ ਨੂੰ ਕਿਰਤਿ ਦਾ ਪੈਖੜ ਪਾ ਰੱਖਿਆ ਹੋਇਆ ਹੈ। ਭਾਵੇਂ ਮਨੁੱਖ ਦਾ ਜਨਮ ਮਰਨ ਅਤੇ ਭਾਂਤ ਭਾਂਤ ਦੀਆਂ ਜੂਨਾਂ ਅੰਦਰ ਭਰਮਣ ਹੁਕਮ ਦੇ ਅਧੀਨ ਹੈ ਪਰ ਉਸਨੇ ਇਸ ਉਪਰ ਕਿਰਤਿ ਦੀ ਸ਼ਰਤ ਲਗਾ ਰੱਖੀ ਹੋਈ ਹੈ ਅਥਵਾ ਉਸਦਾ ਸੰਸਾਰ ਤੇ ਆਉਣਾ ਜਾਣਾ ਉਸ ਦੀ ਆਪਣੀ ਕਿਰਤ ਅਨੁਸਾਰ ਹੋਣਾ ਹੈ, ਇਹ ਕਿਰਤ ਉਸਦੇ ਪੈਰੀਂ ਪਏ ਪੈਖੜ ਦੀ ਨਿਆਈਂ ਹੈ ਜੋ ਉਸਦੀ ਆਪਣੀ ਹਉਮੈ ਨੇ ਉਸਦੇ ਪੈਰੀਂ ਪਾਇਆ ਹੋਇਆ ਹੈ:

– ਹਉਮੈ ਪੈਖੜੁ ਤੇਰੇ ਮਨੈ ਮਾਹਿ॥ (੧੧੯੯)

ਇਸ ਪੈਖੜ ਨੇ ਉਸਨੂੰ ਜੂਨਾਂ ਵਿੱਚ ਪਾ ਰੱਖਿਆ ਹੈ ਜਦੋਂ ਤੱਕ ਇਹ ਪੈਖੜ ਨਹੀਂ ਖੁੱਲ੍ਹਦਾ ਇਸਦਾ ਜਨਮ ਮਰਨ ਦਾ ਚੱਕਰ ਦੂਰ ਨਹੀਂ ਹੁੰਦਾ ਅਤੇ ਹਉਮੈ ਅਧੀਨ ਇਸ ਦੀ ਬਣੀ ਕਿਰਤ ਇਸ ਦਾ ਖਹਿੜਾ ਨਹੀਂ ਛੱਡਦੀ। ਸੋ ਅਸਲ ਸਵਾਲ ਤਾਂ ਆਪਣੀ ਨਿਤਾਪ੍ਰਤੀ ਕਿਰਤ ਨੂੰ ਠੀਕ ਕਰਨ ਦਾ ਹੈ ਪਰ ਕਿਰਤ ਹਉਮੈ ਅਧੀਨ ਹੈ ਅਤੇ ਹਉਮੈ ਦਾ ਤਿਆਗ ਹੀ ਇਸ ਦਾ ਦਾਰੂ ਹੈ। ਹਉਮੈ ਨੂੰ ਮਾਰਨ ਦਾ ਸਾਧਨ ਨਾਮ ਹੈ ਜਿਸ ਬਾਰੇ ਦੱਸਿਆ ਗਿਆ ਹੈ:

– ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥ (੫੧੫)